Digitized by KMV College Library, Jalandhar

Exam Code: 216503 Paper Code: 3171

Programme **Master of Arts (Punjabi)** Sem **III**

Course Title **Adhunik Punjabi Kavita**

Course Code **MPBL-3421**

Time Allowed **3 Hours** Maximum Marks **64**

## ਸੈਕਸ਼ਨ A

(1) ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕੋਈ ਅੱਠ ਦਾ ਉੱਤਰ ਲਗਭਗ 50 ਸ਼ਬਦਾਂ ਵਿਚ।

1. ਕਵਿਤਾ ਦੀ ਪਰਿਭਾਸ਼ਾ ਦਿਓ।
2. ਪੰਜਾਬੀ ਆਧੁਨਿਕ ਕਵਿਤਾ ਦੀਆਂ ਪ੍ਰਮੁੱਖ ਪ੍ਰਵਿਤਰੀਆਂ ਕਿਹੜੀਆਂ-ਕਿਹੜੀਆਂ ਹਨ?
3. ਖੁੱਲੀ ਕਵਿਤਾ ਤੋਂ ਕੀ ਭਾਵ ਹੈ?
4. ਆਧੁਨਿਕ ਕਵਿਤਾ ਤੋਂ ਕੀ ਭਾਵ ਹੈ?
5. 'ਪ੍ਰਗਤੀਵਾਦੀ' ਕਵਿਤਾ ਤੋਂ ਕੀ ਭਾਵ ਹੈ?
6. ਰਹੱਸਵਾਦੀ ਕਵਿਤਾ ਲਿਖਣ ਵਾਲੇ ਕਵੀਆਂ ਦੇ ਨਾਮ ਦੱਸੋ।
7. 'ਲੂਣਾ' ਕਿਹੜੇ ਸੰਨ ਵਿਚ ਪਹਿਲੀ ਵਾਰ ਛਪੀ ਸੀ?
8. 'ਲੂਣਾ' ਪੁਸਤਕ ਵਿਚ ਆਏ ਕੋਈ ਪੰਜ ਪਾਤਰਾਂ ਦੇ ਨਾਮ ਲਿਖੋ।
9. 'ਪੁੰਨਿਆਂ' ਵਿਚੋਂ ਪੁਸਤਕ ਵਿਚ ਕੁੱਲ ਕਿੰਨੀਆਂ ਕਵਿਤਾਵਾਂ ਹਨ?
10. 'ਪੁੰਨਿਆਂ' ਪੁਸਤਕ ਵਿਚਲੇ ਮੁੱਖ ਥੀਮ ਕਿਹੜੇ ਹਨ? 16

## ਸੈਕਸ਼ਨ B

(2) ਕਵਿਤਾ ਦੀ ਪਰਿਭਾਸ਼ਾ ਦਿੰਦੇ ਹੋਏ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਆਈਆਂ ਪ੍ਰਮੁੱਖ ਪ੍ਰਵਿਰਤੀਆਂ ਤੋਂ ਜਾਣੂ ਕਰਵਾਓ।

ਜਾਂ

ਪੰਜਾਬੀ ਕਵਿਤਾ ਵਿਚ ਆ ਰਹੇ ਨਵੇਂ ਝੁਕਾਅ ਬਾਰੇ ਨੋਟ ਲਿਖੋ। 12

## ਸੈਕਸ਼ਨ C

(3) ਭਾਈ ਵੀਰ ਸਿੰਘ ਦੀ ਕਵਿਤਾ ਦਾ ਪ੍ਰਕਿਰਤੀ ਚਿਤਰਣ ਪਹਿਲੂ ਉਦਾਹਰਣਾ ਸਹਿਤ ਉਜਾਗਰ ਕਰੋ।

ਜਾਂ

ਭਾਈ ਵੀਰ ਸਿੰਘ ਦੀ ਪੁਸਤਕ 'ਮੇਰੇ ਸਾਂਈਆਂ ਜੀਓ' ਦੇ ਪ੍ਰਮੁੱਖ ਥੀਮ ਕਿਹੜੇ-ਕਿਹੜੇ ਹਨ ਉਦਾਹਰਣਾ ਸਹਿਤ ਨੋਟ ਲਿਖੋ। 12

## ਸੈਕਸ਼ਨ D

(4) ਸ਼ਿਵ ਕੁਮਾਰ ਬਟਾਲਵੀ ਪੁਸਤਕ 'ਲੂਣਾ' ਕਿਸ ਪੱਛਮੀ ਸਿਧਾਂਤ ਦੀ ਨਿਸ਼ਾਦੇਹੀ ਕਰਦੀ ਹੈ, ਵਿਸਥਾਰ ਸਹਿਤ ਬਿਆਨ ਕਰੋ।

ਜਾਂ

'ਲੂਣਾ' ਦੇ ਮੁੱਖ ਥੀਮ ਨੂੰ ਉਦਾਹਰਣਾ ਸਹਿਤ ਬਿਆਨ ਕਰੋ। 12

## ਸੈਕਸ਼ਨ E

(5) ਸੁਖਵਿੰਦਰ ਅੰਮ੍ਰਿਤ ਦਾ ਨਾਰੀਵਾਦੀ ਦ੍ਰਿਸ਼ਟੀਕੋਣ ਸਪੱਸ਼ਟ ਕਰੋ।

ਜਾਂ

'ਪੁੰਨਿਆ' ਕਾਵਿ ਸੰਗ੍ਰਹਿ ਦੇ ਕਲਾਤਮਕ ਪਹਿਲੂ ਉੱਪਰ ਨੋਟ ਲਿਖੋ। 12

Digitized by KMV College Library, Jalandhar

**Exam Code: 216503** **Paper Code: 3172**

**Programme: Master of Arts (Punjabi) Semester-III**
**Course Title: Punjabi Novel**
**Course Code: MPBL-3422**

**Time Allowed: 3 Hours** **Max. Marks: 64**

## Section A

I ਕੋਈ ਅੱਠ ਪ੍ਰਸ਼ਨਾਂ ਦੇ ਉੱਤਰ ਲਿਖੋ ਤੇ ਹਰੇਕ ਉੱਤਰ 50 ਸ਼ਬਦਾਂ ਦੇ ਕਰੀਬ ਹੋਵੇ।
ਅੰਕ: 8×2=16

1 ਪੰਜਾਬੀ ਨਾਵਲ ਦੇ ਮੋਢੀ ਬਾਰੇ ਕੋਈ ਵਿਚਾਰ ਦਿਉ।
2 ਪੰਜਾਬੀ ਨਾਵਲ ਦੀ ਕਿਸੇ ਇਕ ਪ੍ਰਵਿਰਤੀ ਦੀ ਜਾਣਕਾਰੀ ਸਾਂਝੀ ਕਰੋ।
3 ਸੁਧਾਰਵਾਦੀ ਨਾਵਲ ਕਿਸਨੂੰ ਕਹਿੰਦੇ ਹਨ?
4 ਪ੍ਰਯੋਗਵਾਦੀ ਨਾਵਲ ਤੋਂ ਕੀ ਭਾਵ ਹੈ?
5 'ਅਣਹੋਇਆਂ ਦਾ ਨਾਵਲਕਾਰ' ਕਿਸ ਨੂੰ ਤੇ ਕਿਉਂ ਕਿਹਾ ਜਾਂਦਾ ਹੈ?
6 ਨਾਵਲ ਅਤੇ ਗਲਪ ਵਿੱਚ ਕੀ ਫ਼ਰਕ ਹੈ?
7 ਨਾਵਲ ਵਿੱਚ 'ਆਂਚਲਿਕਤਾ' ਕਿਸ ਨੂੰ ਕਹਿੰਦੇ ਹਨ?
8 'ਚਿੱਟਾ ਲਹੂ' ਨਾਵਲ ਵਿੱਚ ਚਿੱਟੇ ਲਹੂ ਤੋਂ ਕੀ ਭਾਵ ਹੈ?
8 ਗੁਰਦਿਆਲ ਸਿੰਘ ਨੇ 'ਅਣਹੋਏ' ਕਿਸ ਨੂੰ ਤੇ ਕਿਉਂ ਕਿਹਾ ਹੈ?
9 ਨਾਵਲ ਵਿੱਚ ਦ੍ਰਿਸ਼ ਚਿੱਤਰਣ ਦਾ ਕੀ ਪ੍ਰਭਾਵ ਪੈਂਦਾ ਹੈ?
10 ਨਾਵਲ ਵਿੱਚ ਪਾਤਰ ਚਿੱਤਰਣ ਕਿਸ ਨੂੰ ਕਹਿੰਦੇ ਹਨ?

---

ਹੇਠਾਂ ਵਾਲੇ ਹਰੇਕ ਸੈਕਸ਼ਨ ਵਿੱਚੋਂ ਕਿਸੇ ਇਕ ਇਕ ਪ੍ਰਸ਼ਨ ਦਾ ਉੱਤਰ ਦਿਉ।
ਅੰਕ: 4×12=48

## Section B

II ਪੰਜਾਬੀ ਨਾਵਲ ਦੀ ਸੁਧਾਰਵਾਦੀ ਪ੍ਰਵਿਰਤੀ ਦੀ ਸਮਾਜਕ ਮਹੱਤਤਾ ਸਪਸ਼ਟ ਕਰੋ।
III ਪੰਜਾਬੀ ਨਾਵਲ ਦਾ ਸਿਧਾਂਤਕ ਪਰਿਪੇਖ ਬਿਆਨ ਕਰੋ।

## Section C

IV ਚਿੱਟਾ ਲਹੂ ਨਾਵਲ ਦਾ ਵਿਸ਼ਾ ਵਸਤੂ ਬਿਆਨ ਕਰੋ।
V ਚਿੱਟਾ ਲਹੂ ਨਾਵਲ ਦੇ ਕਲਾ ਪੱਖ ਦੀ ਵਿਆਖਿਆ ਕਰੋ।

## Section D

VI ਅਣਹੋਏ ਨਾਵਲ ਦੀਆਂ ਬਿਰਤਾਂਤਕ ਜੁਗਤਾਂ ਦੱਸੋ।
VII ਅਣਹੋਏ ਨਾਵਲ ਦੀ ਆਂਚਲਿਕਤਾ ਬਿਆਨ ਕਰੋ।

## Section E

VIII ਮਾਤ ਲੋਕ ਨਾਵਲ ਦੇ ਥੀਮਿਕ ਪਾਸਾਰ ਸਪਸ਼ਟ ਕਰੋ।
IX ਮਾਤ ਲੋਕ ਨਾਵਲ ਦੇ ਕਲਾ ਪੱਖ 'ਤੇ ਨੋਟ ਲਿਖੋ।

Digitized by KMV College Library, Jalandhar

Exam Code: 216503 Paper Code: 3173

Programme: MASTER OF ARTS (PUNJABI)

Semester: III

Course Title: Punjabi Bhasha Ate Bhasha Vigyaan-I

Course Code: MPBL 3423

Time Allowed: 3 Hours Max Marks: 64

Note. ਪ੍ਰਸ਼ਨ ਪੱਤਰ ਦੇ 5 ਸੈਕਸ਼ਨ ਹਨ ਪਹਿਲੇ ਸੈਕਸ਼ਨ ਵਿਚੋਂ 10 ਪ੍ਰਸ਼ਨਾਂ ਵਿਚੋਂ 8 ਪ੍ਰਸ਼ਨ ਕਰੋ ਹਰੇਕ ਪ੍ਰਸ਼ਨ ਦੇ 2 ਅੰਕ ਹਨ ਹਰ ਪ੍ਰਸ਼ਨ ਦਾ ਉੱਤਰ 50 ਸ਼ਬਦਾਂ ਵਿਚ ਲਿਖੋ□ ਸੈਕਸ਼ਨ ਦੂਸਰਾ,ਤੀਸਰਾ,ਚੌਥਾ ਅਤੇ ਪੰਜਵੇਂ ਵਿਚੋਂ ਇਕ ਇਕ ਪ੍ਰਸ਼ਨ ਕਰਨਾ ਲਾਜ਼ਮੀ ਹੈ ਹਰੇਕ ਪ੍ਰਸ਼ਨ ਦੇ 12 ਅੰਕ ਹਨ

I ਸੈਕਸ਼ਨ ਪਹਿਲਾ

1. ਭਾਸ਼ਾ ਵਿਗਿਆਨ ਦੀ ਪਰਿਭਾਸ਼ਾ ਦਿਓ ?
2. ਲਾਂਗ ਦੀ ਪਰਿਭਾਸ਼ਾ ਦਿਓ ?
3. ਸੁਸਤ ਉਚਾਰਨ ਅੰਗਾਂ ਬਾਰੇ ਜਾਣਕਾਰੀ ਦਿਓ
4. ਉਚਾਰਨ ਪ੍ਰਕਿਰਿਆ ਤੋਂ ਤੁਹਾਡਾ ਕੀ ਭਾਵ ਹੈ?
5. ਸਾਸਿਊਰ ਨੂੰ ਆਧੁਨਿਕ ਭਾਸ਼ਾ ਵਿਗਿਆਨ ਦਾ ਮੋਢੀ ਮੰਨਿਆ ਜਾਂਦਾ ਹੈ ਕਿਉਂ ?
6. ਉਚਾਰਖੰਡ ਦੀ ਪਰਿਭਾਸ਼ਾ ਦਿਓ
7. ਖੁੱਲ੍ਹੇ ਅਤੇ ਬੰਦ ਉਚਾਰਖੰਡ ਵਿਚ ਅੰਤਰ ਦੱਸੋ
8. ਦੋਹਰੇ ਸ੍ਵਰਾਂ ਦੀ ਪਰਿਭਾਸ਼ਾ ਦਿਓ?
9. ਉਚਾਰਨ ਸਥਾਨ ਦੇ ਆਧਾਰ ਤੇ ਧੁਨੀਆਂ ਦੀ ਵੰਡ ਦੱਸੋ
10. ਧੁਨੀ ਵਿਗਿਆਨ ਅਤੇ ਧੁਨੀ ਵਿਉਂਤ ਵਿਚ ਅੰਤਰ ਸਪੱਸ਼ਟ ਕਰੋ (8×2-16)

ਸੈਕਸ਼ਨ ਦੂਸਰਾ

II ਭਾਸ਼ਾ ਦੀ ਪਰਿਭਾਸ਼ਾ ਅਤੇ ਵਿਸ਼ੇਸ਼ਤਾਵਾਂ ਦੱਸੋ (12)

III ਭਾਸ਼ਾ ਅਤੇ ਭਾਸ਼ਾ ਸ਼ਾਸਤਰ ਵਿਚ ਅੰਤਰ ਸਪੱਸ਼ਟ ਕਰੋ (12)

ਸੈਕਸ਼ਨ ਤੀਸਰਾ

IV ਸਾਸਿਊਰ ਦੇ ਜੀਵਨ ਤੇ ਨੋਟ ਲਿਖੋ (12)

V ਚਿੰਨ੍ਹ, ਚਿਹਨਕ ਅਤੇ ਚਿਹਨਤ ਵਿਚਲਾ ਅੰਤਰ ਸਪੱਸ਼ਟ ਕਰੋ

(12)

Digitized by KMV College Library, Jalandhar

## ਸੈਕਸ਼ਨ ਚੌਥਾ

VI ਸ੍ਵਰਾਂ ਦੀ ਪਰਿਭਾਸ਼ਾ ਦਿਓ ਅਤੇ ਵਰਗੀਕਰਨ ਕਰੋ (12)

VII ਵਿਅੰਜਨਾਂ ਦੀ ਪਰਿਭਾਸ਼ਾ ਦਿਓ ਅਤੇ ਵਰਗੀਕਰਨ ਕਰੋ (12)

## ਸੈਕਸ਼ਨ ਪੰਜਵਾਂ

VIII ਪੰਜਾਬੀ ਵਿਚ ਦੁੱਤ ਵਿਅੰਜਨ, ਸੰਯੁਕਤ ਵਿਅੰਜਨ ਅਤੇ ਦੋਹਰੇ ਸ੍ਵਰਾਂ ਦੀ ਵਰਤੋਂ ਦੇ ਨਿਯਮ ਦੱਸੋ (12)

IX ਪੰਜਾਬੀ ਦੀਆਂ ਅਖੰਡੀ ਧੁਨੀਆਂ ਤੇ ਨੋਟ ਲਿਖੋ (12)

Digitized by KMV College Library, Jalandhar

Exam Code: 216503 Paper Code:3174

Programme: MASTER OF ARTS (PUNJABI)
Semester: III
Course Title: -Punjabi Vartak - I
Course Code: MPBL - 3424

Time Allowed: 3 Hours Max Marks: 64

Note: ਪ੍ਰਸ਼ਨ ਪੱਤਰ ਦੇ ਪੰਜ ਸੈਕਸ਼ਨ ਹਨ। ਸੈਕਸ਼ਨ ਪਹਿਲਾ ਦੇ ਦਸ ਪ੍ਰਸ਼ਨਾਂ ਵਿਚੋਂ ਕੋਈ ਅੱਠ ਪ੍ਰਸ਼ਨ ਕਰੋ। ਸੈਕਸ਼ਨ ਦੂਸਰਾ, ਤੀਸਰਾ, ਚੌਥਾ, ਪੰਜਵਾਂ ਵਿਚੋਂ ਕੋਈ ਇਕ ਇਕ ਇਕ ਪ੍ਰਸ਼ਨ ਕਰੋ।

ਸੈਕਸ਼ਨ I

1. ਕੋਈ ਅੱਠ ਪ੍ਰਸ਼ਨ (50 ਸ਼ਬਦਾਂ) ਵਿੱਚ ਕਰੋ

(I).ਵਾਰਤਕ ਤੋਂ ਕੀ ਭਾਵ ਹੈ?

(II) ਮੱਧਕਾਲ ਵਿਚ ਕਿਹੜੇ ਵਾਰਤਕ ਰੂਪ ਉੱਭਰੇ?

(III) ਪਰਚੀ ਦੀ ਪਰਿਭਾਸ਼ਾ ਦਿਉ ।

(IV)ਗੋਸ਼ਟਾਂ ਤੋਂ ਤੁਸੀਂ ਕੀ ਸਮਝਦੇ ਹੋ ?

(V)ਪੁਰਾਤਨ ਜਨਮਸਾਖੀ ਵਿੱਚੋਂ ਮਿਲਦੇ ਇਤਿਹਾਸਕ ਵੇਰਵਿਆਂ ਦੀ ਸੰਖੇਪ ਚਰਚਾ ਕਰੋ।

(VI)ਪੁਰਾਤਨ ਜਨਮ ਸਾਖੀ ਦਾ ਨਾਇਕ ਪਾਰਲੌਕਿਕ ਸ਼ਕਤੀਆਂ ਵਾਲਾ ਹੈ ।ਇਸ ਕਥਨ ਤੇ ਵਿਚਾਰ ਕਰੋ ।

(VII)ਆਰਟ ਨਿਬੰਧ ਦਾ ਵਿਸ਼ਾ ਪੱਖ ਕੀ ਹੈ

(VIII) ਮਿੱਤਰਤਾ ਨਿਬੰਧ ਵਿੱਚ ਮਿੱਤਰਤਾ ਦੇ ਕੀ ਗੁਣ ਦੱਸੇ ਹਨ?

(IX) ਪ੍ਰੋਫ਼ੈਸਰ ਪੂਰਨ ਸਿੰਘ ਦੀਆਂ ਵਾਰਤਕ ਪੁਸਤਕਾਂ ਤੇ ਨੋਟ ਲਿਖੋ।

(X) ਮੁੱਢਲੀ ਪੰਜਾਬੀ ਵਾਰਤਕ ਪੁਸਤਕ ਦੇ ਆਧਾਰ ਤੇ ਜਨਮਸਾਖੀ ਪਰੰਪਰਾ ਹੇਠ ਕਿਹੜੀਆਂ- ਕਿਹੜੀਆਂ ਸਾਖੀਆਂ ਸ਼ਾਮਲ ਕੀਤੀਆਂ ਗਈਆਂ ਹਨ।

ਸੈਕਸ਼ਨ II

2. ਮੱਧਕਾਲੀ ਪੰਜਾਬੀ ਵਾਰਤਕ ਦਾ ਸਿਧਾਂਤ ਅਤੇ ਸਰੂਪ ਉਲੀਕੋ।

3. ਸਵੈਜੀਵਨੀ ਦੀ ਪਰਿਭਾਸ਼ਾ ਦਿੰਦਿਆਂ ਇਸ ਦੀ ਪ੍ਰਕਿਰਤੀ ਉਤੇ ਵਿਚਾਰ ਕਰੋ ।

ਸੈਕਸ਼ਨ III

Digitized by KMV College Library, Jalandhar

4. ਪੁਰਾਤਨ ਜਨਮਸਾਖੀ ਦੇ ਆਧਾਰ ਤੇ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

5. ਪੁਰਾਤਨ ਜਨਮਸਾਖੀ ਦੀ ਵਾਰਤਕ ਕਲਾ ਤੇ ਨੋਟ ਲਿਖੋ।

ਸੈਕਸ਼ਨ IV

6. ਪੁਰਾਤਨ ਪੰਜਾਬੀ ਵਾਰਤਕ ਰੂਪ ਗੋਸ਼ਟ ਅਤੇ ਅਨੁਵਾਦ ਪ੍ਰੰਪਰਾ ਦਾ ਇਤਿਹਾਸਕ ਵਿਕਾਸ ਉਲੀਕੋ।

7. ਮੁੱਢਲੀ ਪੰਜਾਬੀ ਵਾਰਤਕ ਪੁਸਤਕ ਦਾ ਵਿਧਾਗਤ ਅਧਿਐਨ ਕਰੋ ।

ਸੈਕਸ਼ਨ V

8.ਪ੍ਰੋਫ਼ੈਸਰ ਪੂਰਨ ਸਿੰਘ ਜੀਵਨ ਅਤੇ ਰਚਨਾ ਤੇ ਨੋਟ ਲਿਖੋ।

9.ਖੁੱਲ੍ਹੇ ਲੇਖ ਨਿਬੰਧ ਸੰਗ੍ਰਹਿ ਵਿਚਲੇ ਨਿਬੰਧਾਂ ਦੀ ਵਿਸ਼ਵ ਦ੍ਰਿਸ਼ਟੀ ਉਲੀਕੋ ।

Digitized by KMV College Library, Jalandhar

Exam Code: 216503 Paper Code: 3175

Programme: MASTER OF ARTS ( PUNJABI)
Semester: lll
Course Title: _Punjabi Natak Ate Ikangi
Course Code: MPBL -3425

Time Allowed: 3 Hours Max Marks: 64

Note: ਪ੍ਰਸ਼ਨ ਪੱਤਰ ਦੇ ਪੰਜ ਸੈਕਸ਼ਨ ਹਨ। ਸੈਕਸ਼ਨ ਪਹਿਲਾ ਦੇ ਦਸ ਪ੍ਰਸ਼ਨਾਂ ਵਿਚੋਂ ਕੋਈ ਅੱਠ ਪ੍ਰਸ਼ਨ ਕਰੋ। ਸੈਕਸ਼ਨ ਦੂਸਰਾ, ਤੀਸਰਾ, ਚੌਥਾ, ਪੰਜਵਾਂ ਵਿਚੋਂ ਕੋਈ ਇਕ ਇਕ ਇਕ ਪ੍ਰਸ਼ਨ ਕਰੋ।

ਸੈਕਸ਼ਨ I

ਕਿਸੇ ਵੀ 8 ਸਵਾਲਾਂ ਦੇ ਜਵਾਬ 50 ਸ਼ਬਦਾਂ ਵਿੱਚ ਦਿਓ

1.ਨਾਟਕ ਨੂੰ ਪਰਿਭਾਸ਼ਤ ਕਰੋ।

2. ਨਾਟਕ ਅਤੇ ਇਕਾਂਗੀ ਵਿਚਲੇ ਕੋਈ ਦੋ ਵਿਧਾਗਤ ਨਿਖੇੜ ਲਿਖੋ।

3. ਰੰਗਮੰਚ ਦਾ ਨਾਟਕ ਵਿਚ ਕੀ ਮਹੱਤਵ ਹੈ?

4. ਐਬਸਰਡ ਸ਼ਬਦ ਦੇ ਅਰਥ ਲਿਖੋ।

5. ਅਜਮੇਰ ਸਿੰਘ ਔਲਖ ਨੂੰ ਮਿਲੇ ਕੋਈ ਦੋ ਸਨਮਾਨ ਲਿਖੋ।

6. ਪੰਜਾਬ ਦੇ ਕੋਈ ਦੋ ਮੁੱਢਲੇ ਨਾਟਕਕਾਰਾਂ ਦੇ ਨਾਮ ਲਿਖੋ।

7. ਕੀ ਰੰਗਮੰਚ ਬਿਨਾਂ ਨਾਟਕ ਦੀ ਕੋਈ ਹੋਂਦ ਹੈ?

8. ਅਗਨੀ ਕੁੰਡ ਨਾਟਕ ਕਿਸ ਮਿਥਿਹਾਸਕ ਕਥਾ ਤੇ ਆਧਾਰਤ ਹੈ।

9. ਪੰਜਾਬੀ ਨਾਟਕ ਦੀਆਂ ਕੋਈ ਦੋ ਪ੍ਰਵਿਰਤੀਆਂ ਦੇ ਨਾਮ ਲਿਖੋ।

10. ਇਕਾਂਗੀ ਰੂਪ ਪਰਿਭਾਸ਼ਤ ਕਰੋ। (8x2-16)

ਸੈਕਸ਼ਨ ।।

2. ਪੰਜਾਬੀ ਨਾਟਕ ਤੇ ਰੰਗਮੰਚ ਦੇ ਆਪਸੀ ਸਬੰਧਾਂ ਤੇ ਚਰਚਾ ਕਰੋ। (12)

3. ਨਾਟਕ ਦੀ ਪਰਿਭਾਸ਼ਾ ਤੇ ਪ੍ਰਕਿਰਤੀ ਉੱਪਰ ਨੋਟ ਲਿਖੋ। (12)

Digitized by KMV College Library, Jalandhar

ਸੈਕਸ਼ਨ III

4.ਅਜਮੇਰ ਸਿੰਘ ਔਲਖ ਦੇ ਜੀਵਨ ਤੇ ਰਚਨਾ ਤੇ ਨੋਟ ਲਿਖੋ। (12)

5. ਇਸ਼ਕ ਬਾਂਝ ਨਮਾਜ ਦਾ ਹੱਜ ਨਾਂਹੀ ਦਾ ਵਿਸ਼ਾ ਬਿਆਨ ਕਰੋ । (12)

ਸੈਕਸ਼ਨ IV

6. ਬਲਵੰਤ ਗਾਰਗੀ ਦੀ ਪੰਜਾਬੀ ਨਾਟਕ ਤੇ ਰੰਗਮੰਚ ਨੂੰ ਦੇਣ ਉੱਪਰ ਨੋਟ ਲਿਖੋ। (12)

7. ਬਲਵੰਤ ਗਾਰਗੀ ਦੇ ਇਕਾਂਗੀ ਦੋ ਜ਼ਾਵੀਏ ਦਾ ਵਿਸ਼ਾ ਬਿਆਨ ਕਰੋ (12)

ਸੈਕਸ਼ਨ V

8. ਸਵਰਾਜਬੀਰ ਦੀ ਸਾਹਿਤਕ ਵਿਚਾਰਧਾਰਾ ਨੂੰ ਉਸ ਦੀਆਂ ਨਾਟ ਰਚਨਾਵਾਂ ਦੇ ਆਧਾਰ ਤੇ ਪਰਖੋ । (12)

9. ਅਗਨੀ ਕੁੰਡ ਨਾਟਕ ਦੀ ਮੂਲ ਸਮੱਸਿਆ ਤੇ ਵਿਚਾਰ ਕਰੋ । । (12)

Digitized by KMV College Library, Jalandhar

**Exam Code: 216503** **Paper Code: 3176**

**Programme: Master of Arts (Punjabi) Semester-III**

**Course Title: Nanak Singh Vishesh Adhiyan**

**Course Code: MPBL-3426**

**Time Allowed: 3 hours** **Max. Marks: 64**

**ਨੋਟ-** ਪ੍ਰਸ਼ਨ ਪੱਤਰ ਦੇ ਕੁੱਲ ਪੰਜ ਸੈਕਸ਼ਨ ਹਨ। ਪਹਿਲੇ ਸੈਕਸ਼ਨ ਵਿੱਚੋਂ ਦੋ -ਦੋ ਅੰਕਾਂ ਵਾਲੇ ਅੱਠ ਪ੍ਰਸ਼ਨ ਕਰਨੇ ਲਾਜ਼ਮੀ ਹਨ। ਸੈਕਸ਼ਨ ਦੂਜਾ, ਤੀਜਾ ,ਚੌਥਾ ਅਤੇ ਪੰਜਵਾ ਵਿੱਚੋਂ ਇੱਕ-ਇੱਕ ਪ੍ਰਸ਼ਨ ਕਰਨਾ ਜ਼ਰੂਰੀ ਹੈ। ਹਰੇਕ ਪ੍ਰਸ਼ਨ 12 ਅੰਕਾਂ ਦਾ ਹੈ।

## ਸੈਕਸ਼ਨ I

1. **ਕੋਈ ਅੱਠ ਪ੍ਰਸ਼ਨ ਕਰੋ :-**

i. ਨਾਨਕ ਸਿੰਘ ਦਾ ਜਨਮ ਕਦੋਂ ਤੇ ਕਿੱਥੇ ਹੋਇਆ।

ii. ਨਾਨਕ ਸਿੰਘ ਦਾ ਬਚਪਨ ਦਾ ਨਾਂ ਕੀ ਸੀ?

iii. ਨਾਨਕ ਸਿੰਘ ਦੇ ਪੰਜ ਕਹਾਣੀ ਸੰਗ੍ਰਹਿ ਦੇ ਨਾਂ ਦੱਸੋ ?

iv. ਪਵਿੱਤਰ ਪਾਪੀ ਨਾਵਲ ਦੀ ਨਾਇਕਾ ਦਾ ਚਰਿੱਤਰ ਚਿੱਤਰਨ ਕਰੋ।

v. ਕਹਾਣੀਕਾਰ ਵਜੋਂ ਨਾਨਕ ਸਿੰਘ ਦੀ ਪੰਜਾਬੀ ਸਾਹਿਤ ਨੂੰ ਕਿ ਦੇਣ ਹੈ?

vi. ਅੱਗ ਦੀ ਖੇਡ ਨਾਵਲ ਦੇ ਵਿਸ਼ੇ ਨੂੰ ਸੰਖੇਪ ਵਿੱਚ ਲਿਖੋ।

vii. ਸਵਰਗ ਅਤੇ ਉਸਦੇ ਵਾਰਸ ਨਾਵਲ ਦੇ ਸਿਰਲੇਖ ਤੇ ਵਿਚਾਰ ਚਰਚਾ ਕਰੋ।

viii. ਨਾਨਕ ਸਿੰਘ ਸ਼ਹਿਰੀ ਸਮਾਜ ਦਾ ਨਾਵਲਕਾਰ ਹੈ? ਆਪਣੇ ਵਿਚਾਰ ਦਿਓ।

ix. ਨਾਨਕ ਸਿੰਘ ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਕਦੋਂ ਅਤੇ ਕਿਹੜੇ ਨਾਵਲ ਤੇ ਮਿਲਿਆ?

x. ਅੱਗ ਦੀ ਖੇਡ ਨਾਵਲ ਦੇ ਪਾਤਰਾਂ ਦੇ ਨਾਂ ਦੱਸੋ?

Digitized by KMV College Library, Jalandhar

## ਸੈਕਸ਼ਨ II

2. ਨਾਨਕ ਸਿੰਘ ਦੇ ਜੀਵਨ ਅਤੇ ਰਚਨਾ ਦੇ ਨੋਟ ਲਿਖੋ।

3. ਨਾਨਕ ਸਿੰਘ ਦੀ ਨਾਵਲਕਾਰੀ ਦਾ ਸਾਹਿਤ ਇਤਿਹਾਸਿਕ ਮਹੱਤਵ ਬਿਆਨ ਕਰੋ।

## ਸੈਕਸ਼ਨ III

4. ਪਵਿੱਤਰ ਪਾਪੀ ਨਾਵਲ ਦੇ ਕਲਾਤਮਕ ਪੱਖ ਤੇ ਵਿਚਾਰ ਕਰੋ ?

5. ਪਵਿੱਤਰ ਪਾਪੀ ਨਾਵਲ ਦੇ ਪਾਤਰ ਪ੍ਰਬੰਧ ਤੇ ਵਿਚਾਰ ਕਰਦਿਆਂ ਇਸਦੇ ਨਾਇਕ ਦਾ ਚਰਿਤਰ ਪੇਸ਼ ਕਰੋ।

## ਸੈਕਸ਼ਨ IV

6. ਅੱਗ ਦੀ ਖੇਡ ਨਾਵਲ ਦੀਆਂ ਬਿਰਤਾਂਤਕ ਜੁਗਤਾਂ ਤੇ ਚਰਚਾ ਕਰੋ।

7. ਅੱਗ ਦੀ ਖੇਡ ਨਾਵਲ ਦੇ ਥੀਮਿਕ ਪਾਸਾਰ ਤੇ ਚਰਚਾ ਕਰੋ।

## ਸੈਕਸ਼ਨ V

8. ਸਵਰਗ ਅਤੇ ਉਸ ਦੇ ਵਾਰਸ ਨਾਵਲ ਦਾ ਕਲਾਤਮਕ ਪੱਖ ਪੇਸ਼ ਕਰੋ।

9. ਸਵਰਗ ਅਤੇ ਉਸ ਦੇ ਵਾਰਸ ਨਾਵਲ ਦਾ ਸਮਾਜ ਸਭਿਆਚਾਰਕ ਪਰਿਪੇਖ ਬਿਆਨ ਕਰੋ।